22/53

ਨੰ:19/5/2012-3ਬਅ/ 3274

ਪੰਜਾਬ ਸਰਕਾਰ

ਚੌਕਸੀ ਵਿਭਾਗ

(ਬਜਟ ਅਤੇ ਅਮਲਾ ਸਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਸੈਮੀ ਸਰਕਾਰੀ ਅਦਾਰਿਆਂ, ਬੋਰਡਾਂ ਅਤੇ ਕਾਰਪੋਰੇਸਨਾਂ ਦੇ ਮੁੱਖੀ,

ਮਿਤੀ,ਚੰਡੀਗੜ੍ਹ. 22-3-2013

ਵਿਸਾ:- ਵਿਜੀਲੈਂਸ ਬਿਓਰੋ ਦੇ ਟੋਲ ਫਰੀ ਕੰਪਲੇਟ ਨੰਬਰ ਬੀ.ਐਸ.ਐਨ.ਐਲ 1800-1800-1000 ਨੂੰ ਪ੍ਰਚਲਿਤ ਕਰਨ ਲਈ ਹਦਾਇਤਾਂ ਜਾਰੀ ਕਰਨ ਬਾਰੇ।

------

ਉਪਰੋਕਤ ਵਿਸੇ ਤੇ ਇਸ ਵਿਭਾਗ ਦੇ ਪੱਤਰ ਨੰ: 19/5/2012-3ਬਅ/259, ਮਿਤੀ 7.1.13 ਦੇ ਹਵਾਲੇ ਵਿੱਚ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਹਵਾਲਾ ਅਧੀਨ ਪੱਤਰ ਰਾਹੀ ਚੌਕਸੀ ਬਿਓਰੋ ਵੱਲੋ ਕੁਰੱਪਸਨ ਨੂੰ ਦੂਰ ਕਰਨ ਲਈ ਬੀ.ਐਸ.ਐਨ.ਐਲ ਦਾ ਟੋਲ ਫਰੀ ਨੰ: 1800 1800 1000 ਲਿਆ ਗਿਆ ਸੀ ਅਤੇ ਇਹ ਸਹੂਲਤ ਆਮ ਜਨਤਾ ਨੂੰ ਕਿਸੇ ਕੁਰੱਪਟ ਸਰਕਾਰੀ ਕਰਮਚਾਰੀ ਜਾਂ ਕਿਸੇ ਵੱਲੋ ਵੀ ਕੀਤੀ ਜਾਂਦੀ ਕੁਰੱਪਸਨ ਸਬੰਧੀ ਸੂਚਨਾ ਵਿਜੀਲੈਂਸ ਬਿਓਰੋ ਨੂੰ ਦੇਣ ਵਿੱਚ ਉਤਸਾਹਿਤ ਕਰਨ ਲਈ ਵਿਜੀਲੈਂਸ ਬਿਓਰੋ ਦੇ ਟੋਲ ਫਰੀ ਸਿਕਾਇਤ ਨੰ: ਨੂੰ ਹੇਠ ਲਿਖੇ ਉਪਰਾਲਿਆ ਰਾਹੀ ਪ੍ਰਚਲਤ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਤਾਂ ਜੋ ਆਮ ਜਨਤਾ ਵਿਜੀਲੈਂਸ ਬਿਓਰੋ ਦੀ ਵੈਬਸਾਈਟ ਅਤੇ ਟੋਲ ਫਰੀ ਨੰਬਰ ਬਾਰੇ ਜਾਗਰੂਕ ਹੋ ਸਕੇ ਪਰੰਤੂ ਆਬਕਾਰੀ ਤੇ ਕਰ ਵਿਭਾਗ ਅਤੇ ਸਿੱਖਿਆ ਵਿਭਾਗ ਤੋ ਇਲਾਵਾ ਹੋਰ ਕਿਸੇ ਵੀ ਵਿਭਾਗ ਵੱਲੋ ਇਨ੍ਹਾਂ ਹਦਾਇਤਾਂ ਦੇ ਸਨਮੁੱਖ ਆਪਣੇ ਵਿਭਾਗ ਦੀ ਵੈਬਸਾਈਟ ਤੇ ਵਿਜੀਲੈਂਸ ਬਿਓਰੋ ਦੀ ਵੈਬਸਾਈਟ ਦਾ ਲਿੰਕ ਨਹੀ ਦਿੱਤਾ ਗਿਆ :-

ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਆਮ ਜਨਤਾ ਨੂੰ ਵਿਜੀਲੈਂਸ ਬਿਓਰੋ ਦੀ ਵੈਬਸਾਈਟ ਅਤੇ ਟੋਲ ਫਰੀ ਨੰਬਰ ਬਾਰੇ ਜਾਗਰੂਕ ਕਰਨ ਲਈ ਆਪਣੇ ਵਿਭਾਗ ਦੀ ਵੈਬਸਾਈਟ ਤੇ ਵਿਜੀਲੈਂਸ ਬਿਓਰੋ ਦੀ ਵੈਬਸਾਈਟ ਦਾ ਲਿੰਕ ਕਰਨ ਲਈ ਹੇਠ ਲਿਖੇ ਉਪਰਾਲੇ ਕੀਤੇ ਜਾਣ:-

1. By providing link of Vigilance Bureau website www.Vigilancebureaupunjab.org on their respective official websites.
2. By providing vigilance bureau toll free complaints number 1800 1800 1000 on each and every recipe/bill being generated due to to government activity.

(signature)
ਅਧੀਨ ਸਕੱਤਰ ਚੌਕਸੀ

ਚਲਦਾ ਪੰਨਾ-2 -ਤੇ

ਉਤਾਰਾ ਸਮੂਹ ਵਿੱਤੀ ਕਮਿਸਨਰ/ ਪ੍ਰਮੁੱਖ ਸਕੱਤਰ, ਪ੍ਰਬੰਧਕੀ ਵਿਭਾਗ, ਪੰਜਾਬ ਸਰਕਾਰ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਅਧੀਨ ਆਉਂਦੇ ਵਿਭਾਗਾਂ ਦੇ ਮੁੱਖੀਆਂ ਨੂੰ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਹਦਾਇਤਾਂ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ।

ਅਧੀਨ ਸਕੱਤਰ ਚੌਕਸੀ

ਸੇਵਾ ਵਿਖੇ

ਸਮੂਹ ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ,
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ: ਨੰ: 19/5/12-3ਬਅ/ 3275 ਮਿਤੀ,ਚੰਡੀਗੜ੍ਹ 22-3-1

ਪਿੱ: ਅੰ: ਨੰ: 19/5/12-3ਬਅ/ 3276 ਮਿਤੀ,ਚੰਡੀਗੜ੍ਹ 22-3-13

ਉਤਾਰਾ ਮਹਾਂਲੇਖਾਕਾਰ, ਪੰਜਾਬ (ਏ.ਐਂਡ.ਈ ) ਚੰਡੀਗੜ੍ਹ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਚੌਕਸੀ

ਪਿ:ਅੰ:ਨੰ: 19/5/12-3ਬਅ/ 3277 ਮਿਤੀ,ਚੰਡੀਗੜ੍ਹ 22-3-13

ਉਤਾਰਾ ਮੁੱਖ ਡਾਇਰੈਕਟਰ ਵਿਜੀਲੈਂਸ ਬਿਓਰੋ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ 8639/ਵਬ/ ਐਸ-3, ਮਿਤੀ 4.3.13 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਚੌਕਸੀ